# ਵਿੱਲੋ

*ਵੂਮੈਨਸ ਕਲੀਨਿਕ*

**ਸੂਟ** 1013 – 750 **ਵੈਸਟ ਬ੍ਰੌਡਵੇ**

**ਵੈਨਕੂਵਰ ਬੀਸੀ** V5Z 1H9

**ਫ਼ੋਨ** 604-709-5611 **ਫ਼ੈਕਸ** 604-873-8304

**ਈਮੇਲ:** willowwomensclinic@yahoo.ca


## ਮਿਫਪ੍ਰਿਸਟੋਨ/ ਮਿਸੋਪਰੋਸਟੋਲ ਗਰਭਪਾਤ ਲਈ ਦਿੱਤੀ ਜਾਣ ਵਾਲੀ ਸਹਿਮਤੀ

ਤੁਸੀਂ ਆਪਣੇ ਗਰਭ ਨੂੰ ਖ਼ਤਮ ਕਰਣ ਲਈ ਡਾਕਟਰੀ ਗਰਭਪਾਤ ਦੀ ਬੇਨਤੀ ਕੀਤੀ ਹੈ। ਅਸੀਂ ਗਰਭਪਾਤ ਨੂੰ ਸ਼ੁਰੂ ਕਰਾਉਣ ਲਈ ਮਿਫਪ੍ਰਿਸਟੋਨ(ਇੱਕ ਪ੍ਰੋਜੈਸਟ੍ਰੋਨ ਵਿਰੋਧੀ) ਨੂੰ ਮਿਸੋਪਰੋਸਟੋਲ (ਇੱਕ ਪ੍ਰੋਸਟਾਗਲੈਂਡਿਨ) ਨਾਲ ਵਰਤਦੇ ਹਾਂ।ਇਹ ਦਵਾਈਆਂ ਦਹਾਕਿਆਂ ਤੱਕ ਦੁਨੀਆ ਭਰ ਵਿੱਚ ਵਰਤੀਆਂ ਗਈਆਂ ਹਨ ਅਤੇ ਅਸੀਂ ਸੋਸਾਇਟੀ ਆਫ਼ ਓਬਸਟੈਟ੍ਰੀਸ਼ੀਅਨਸ ਅਤੇ ਗਾਇਨੋਕੋਲੋਜਿਸਟਸ ਆਫ਼ ਕੈਨੇਡਾ ਅਤੇ ਰਾਸ਼ਟਰੀ ਗਰਭਪਾਤ ਫੈਡਰੇਸ਼ਨ ਦੁਆਰਾ ਪ੍ਰਵਾਨਤ ਸਬੂਤ ਆਧਾਰਿਤ ਪ੍ਰੋਟੋਕੋਲਾਂ ਦੀ ਵਰਤੋਂ ਕਰਦੇ ਹਾਂ।

**ਦਵਾਈਆਂ ਲੈਣ ਤੋਂ ਬਾਦ ਤੁਹਾਨੂੰ ਗਰਭਪਾਤ ਕਰਾਉਣ ਬਾਰੇ ਆਪਣਾ ਮਨ ਬਦਲਣਾ ਨਹੀਂ ਚਾਹੀਦਾ, ਕਿਉਂਕਿ  ਮਿਸੋਪਰੋਸਟੋਲ ਨੂੰ ਮੌਜੂਦਾ ਵੱਧ ਰਹੀ ਗਰਭ ਅਵਸਥਾ ਨੂੰ ਨੁਕਸਾਨ ਪਹੁੰਚਾਉਣ ਲਈ ਜਾਣਿਆ ਜਾਂਦਾ ਹੈ। ਜੇ ਦਵਾਈ ਫ਼ੇਲ ਹੁੰਦੀ ਹੈ ਤਾਂ ਅਸੀਂ ਜ਼ੋਰਦਾਰ ਸਿਫ਼ਾਰਸ਼ ਕਰਦੇ ਹਾਂ ਕਿ ਤੁਸੀਂ ਸਰਜੀਕਲ ਗਰਭਪਾਤ ਲਈ ਸਹਿਮਤ ਹੋਵੋ।**

**ਸੰਭਾਵੀ ਖ਼ਤਰੇ:** ਮਿਫਪ੍ਰਿਸਟੋਨ ਅਤੇ ਮਿਸੋਪਰੋਸਟੋਲ ਦੀਆਂ ਇਹ ਖੁਰਾਕਾਂ ਨਾਲ **ਲੰਬੇ ਸਮੇਂ ਲਈ ਹੋਣ ਵਾਲੇ ਮੰਦੇ ਪ੍ਰਭਾਵਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ।ਥੋੜੀ ਮਿਆਦ ਦੇ ਮਾੜੇ ਪ੍ਰਭਾਵਾਂ** ਵਿੱਚ ਸ਼ਾਮਲ ਹਨ ਦਸਤ, ਜੀਅ ਕੱਚਾ ਹੋਣਾ, ਉਲਟੀਆਂ, ਪੇਟ ਦਰਦ, ਪੇਟ ਵਿੱਚ ਅਫ਼ਾਰਾ(ਗੈਸ), ਬੁਖਾਰ, ਠੰਢ ਅਤੇ ਸਿਰ ਦਰਦ। 1% ਔਰਤਾਂ ਨੂੰ ਸਰਜੀਕਲ ਸਫ਼ਾਈ ਕਰਵਾਉਣ ਦੀ ਲੋੜ ਪੈਂਦੀ ਹੈ ਕਿਉਂਕਿ ਗਰਭ ਅਵਸਥਾ ਖਤਮ ਨਹੀਂ ਹੋਈ (ਰੁਕੀ ਨਹੀਂ)। ਲਗਭਗ 2% ਔਰਤਾਂ, ਬਹੁਤ ਜ਼ਿਆਦਾ ਖੂਨ ਪੈਣ, ਦਰਦ, ਜਾਂ ਉਹ ਗਰਭ ਟਿਸ਼ੂ ਦੇ ਨਿਕਲਣ ਦੀ ਉਡੀਕ ਕਰਦਿਆਂ ਥੱਕ ਗਈਆਂ ਹਨ, ਉਹ ਗਰਭ ਟਿਸ਼ੂ ਦੀ ਸਰਜੀਕਲ ਸਫਾਈ (ਡੀ ਐਂਡ ਸੀ) ਕਰਾਉਣ ਦੀ ਚੋਣ ਕਰਨਗੀਆਂ । 2% ਔਰਤਾਂ ਵਿੱਚ ਦੇਰ ਨਾਲ ਪ੍ਰਤੀਕਿਰਿਆ ਹੋਵੇਗੀ ਅਤੇ ਖੂਨ ਪੈਣ ਲਈ ਲੰਬੇ ਸਮੇਂ ਲਈ ਉਡੀਕ ਕਰਨਗੀਆਂ, 4 ਹਫ਼ਤਿਆਂ ਤੱਕ। ਇਸ ਦੇ ਮੁਕਾਬਲੇ, ਸਰਜੀਕਲ ਗਰਭਪਾਤ ਦੇ ਅਧੂਰਾ ਹੋਣ ਦਾ ਅਤੇ ਡੀ ਐਂਡ ਸੀ ਦੀ ਲੋੜ ਪੈਣ ਦਾ ਖ਼ਤਰਾ 1% ਤੋਂ ਘੱਟ ਹੈ।ਲਾਗ, ਜਿਨ੍ਹਾਂ ਦਾ ਐਂਟੀਬਾਇਓਟਿਕਸ ਨਾਲ ਇਲਾਜ ਕੀਤਾ ਜਾ ਸਕਦਾ ਹੈ 1% ਤੋਂ ਵੀ ਘੱਟ ਔਰਤਾਂ ਨੂੰ ਹੁੰਦੀ ਹੈ ਅਤੇ ਗੰਭੀਰ, ਜੀਵਨ ਖ਼ਤਰੇ ਵਾਲੀ ਲਾਗ ਬਹੁਤ ਹੀ ਘੱਟ (1/100,000 ਤੋਂ ਘੱਟ) ਔਰਤਾਂ ਨੂੰ ਹੁੰਦੀ ਹੈ।ਜੇ ਤੁਸੀਂ ਗਰਭ ਅਵਸਥਾ ਨੂੰ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਕਿਸੇ ਜਾਨਲੇਵਾ ਘਟਨਾ ਦਾ ਜੋਖਮ ਹੋਣ ਦਾ ਖਤਰਾ 10/100,000 ਹੈ।

ਸਾਰੇ ਰਿਕਾਰਡ ਇੱਕ ਸੁਰੱਖਿਅਤ ਡੈਟਾਬੇਸ ਵਿੱਚ ਰੱਖੇ ਜਾਂਦੇ ਹਨ, ਅਤੇ ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

ਮੈਨੂੰ ਆਪਣੇ ਮੈਡੀਕਲ ਇਲਾਜ ਬਾਰੇ ਜੋ ਮੈਂ ਪ੍ਰਾਪਤ ਕਰ ਸਕਦਾ ਹਾਂ, ਕੋਈ ਵੀ ਅਤੇ ਸਾਰੇ ਪ੍ਰਸ਼ਨਾਂ ਬਾਰੇ ਵਿਚਾਰ ਕਰਨ ਦਾ ਮੌਕਾ ਮਿਲਿਆ ਹੈ।ਮੇਰਾ ਫ਼ੈਸਲਾ ਸਵੈਇੱਛਤ ਹੈ।ਮੈਂ ਇਸ ਸਹਿਮਤੀ ਫਾਰਮ ਨੂੰ ਪੜ੍ਹ ਲਿਆ ਹੈ ਅਤੇ ਸਮਝ ਲਿਆ ਹੈ।ਮੈਂ ਆਪਣੇ ਰਿਕਾਰਡਾਂ ਲਈ ਇਸ ਸਹਿਮਤੀ ਫਾਰਮ ਦੀ ਇੱਕ ਕਾਪੀ ਪ੍ਰਾਪਤ ਕਰ ਲਈ ਹੈ।

________________________________________     ______________________________________

**ਦਸਤਖਤ**          **ਤਾਰੀਖ**          **ਦੁਭਾਸ਼ੀਏ ਦੇ ਹਸਤਾਖਰ**      **ਮਿਤੀ**

________________________________________________

**ਗਵਾਹ ਦੇ ਦਸਤਖਤ**          **ਮਿਤੀ**